ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)
ਡੀਨ, ਕਾਲਜ ਵਿਕਾਸ ਕੌਂਸਲ

No.: 11/DCDC
Date: 13.1.2026.

ਯੂਨੀਵਰਸਿਟੀ ਨਾਲ ਸਬੰਧਿਤ
ਸਮੂਹ ਅਨ-ਏਡਿਡ ਕਾਲਜਾਂ ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ;

ਸਮਰੱਥ ਅਥਾਰਿਟੀ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਕੀਤੇ ਗਏ ਫੈਸਲੇ ਅਤੇ ਸੁਝਾਅ ਆਪ ਨੂੰ ਜਾਣਕਾਰੀ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿਤ ਭੇਜੇ ਜਾਂਦੇ ਹਨ:-

**1. ਅੰਕੜਾ ਸੈੱਲ ਦੇ ਪੋਰਟਲਜ਼ ਤੇ ਡਾਟਾ ਅਪਡੇਟ ਕਰਨ ਸੰਬੰਧੀ:**

ਡਾਇਰੈਕਟਰ (ਯੋਜਨਾ ਅਤੇ ਨਿਰੀਖਣ) ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ AISHE ਅਤੇ ਅੰਕੜਾ ਸੈੱਲ ਦੇ ਵੱਖ-ਵੱਖ ਪੋਰਟਲਾਂ ਉੱਪਰ ਡਾਟਾ ਅਪਲੋਡ ਕਰਨ ਸਬੰਧੀ ਸਮੂਹ ਕਾਲਜਾਂ ਨੂੰ ਨਿਰਧਾਰਿਤ ਮਿਤੀ ਤੋਂ ਪਹਿਲਾਂ ਲਾਜ਼ਮੀ ਤੌਰ ਤੇ ਡਾਟਾ ਅਪਲੋਡ ਕਰਨ ਲਈ ਪੱਤਰ ਜਾਰੀ ਕੀਤੇ ਜਾਂਦੇ ਹਨ । ਪਰੰਤੂ ਕਈ ਵਾਰ ਕਾਲਜਾਂ ਵਲੋਂ ਇਸ ਸੰਬੰਧ ਵਿਚ ਅਣਗਹਿਲੀ ਵਰਤੀ ਜਾਂਦੀ ਹੈ, ਜਿਸ ਨਾਲ ਸੰਬੰਧਿਤ ਕਾਲਜਾਂ ਦਾ ਡਾਟਾ ਸਮੇਂ ਸਿਰ ਪ੍ਰਾਪਤ ਨਹੀਂ ਹੁੰਦਾ ਜਾਂ ਅਧੂਰਾ ਡਾਟਾ ਪ੍ਰਾਪਤ ਹੁੰਦਾ ਹੈ।

ਕਾਲਜਾਂ ਦੇ ਚੇਅਰਪਰਸਨਜ਼/ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਪੋਰਟਲਾਂ ਤੇ ਡਾਟਾ ਚੜ੍ਹਾਉਣ ਦਾ ਕਾਰਜ ਸਮੇਂ ਸਿਰ ਮੁਕੰਮਲ ਕੀਤਾ ਜਾਵੇ ਤਾਂ ਜੋ ਯੂਨੀਵਰਸਿਟੀ ਅਧਿਕਰੀਆਂ ਵੱਲੋਂ ਕਾਲਜਾਂ ਤੇ ਜੁਰਮਾਨੇ ਆਦਿ ਲਗਾਉਣ ਦੀ ਸਥਿਤੀ ਪੈਦਾ ਹੀ ਨਾ ਹੋਵੇ । ਇਸ ਮੰਤਵ ਲਈ ਰਜਿਸਟ੍ਰੇਸ਼ਨ ਹਿਤ ਕਾਲਜਾਂ ਵੱਲੋਂ official E-mail Id ਅਤੇ Mobile Number ਹੀ ਮੁਹੱਈਆ ਕਰਵਾਏ ਜਾਣ, ਤਾਂ ਜੋ ਅਧਿਕਾਰੀਆਂ ਦੇ ਬਦਲ ਜਾਣ ਦੀ ਸੂਰਤ ਵਿਚ ਵੀ ਕੰਮ ਨਿਰਵਿਘਨ ਚਲਦਾ ਰਹੇ। ਸਹੀ ਅਤੇ ਦਰੁੱਸਤ ਡਾਟਾ ਸਮੇਂ ਸਿਰ ਭੇਜਣ ਨਾਲ ਕਾਲਜਾਂ ਅਤੇ ਯੂਨੀਵਰਸਿਟੀ ਨੂੰ ਕਈ ਤਰ੍ਹਾਂ ਦੀਆਂ ਸਕੀਮਾਂ ਦਾ ਲਾਭ ਮਿਲਦਾ ਹੈ, ਜਿਨ੍ਹਾਂ ਦਾ ਲਾਭ ਅੱਗੇ ਚੱਲ ਕੇ ਵਿਦਿਆਰਥੀਆਂ ਨੂੰ ਹੁੰਦਾ ਹੈ। ਕਾਲਜਾਂ ਨੂੰ NAAC ਦੀ ਇੰਸਪੈਕਸ਼ਨ ਵੇਲੇ ਵੀ ਇਹ ਡਾਟਾ ਲਾਹੇਵੰਦ ਸਿੱਧ ਹੋਵੇਗਾ।

**2. ਕਾਲਜ ਸੈਕਸ਼ਨ ਦੇ ਪੋਰਟਲ ਤੇ ਡਾਟਾ ਅਪਡੇਟ ਕਰਨ ਸੰਬੰਧੀ:**

ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਕਾਲਜ ਸੈਕਸ਼ਨ ਦੇ ਪੋਰਟਲ ਤੇ ਡਾਟਾ ਅਪਡੇਟ ਕਰਨ ਸਬੰਧੀ ਸਮੇਂ ਸਮੇਂ ਸਿਰ ਜਾਰੀ ਪੱਤਰਾਂ ਰਾਹੀਂ ਕਾਲਜਾਂ ਨੂੰ ਕਿਹਾ ਜਾਂਦਾ ਹੈ, ਪਰੰਤੂ ਫਿਰ ਵੀ ਕਈ ਕਾਲਜਾਂ ਵਲੋਂ ਲੋੜੀਂਦਾ ਡਾਟਾ ਸਮੇਂ ਸਿਰ ਅਪਡੇਟ ਨਹੀਂ ਕੀਤਾ ਜਾਂਦਾ। ਇਸ ਲਈ ਉਹਨਾਂ ਨੂੰ ਤੁਰੰਤ ਇਹ ਡਾਟਾ ਅਪਡੇਟ ਕਰਨ ਲਈ ਹਦਾਇਤ ਕੀਤੀ ਜਾਂਦੀ ਹੈ।

**3. ਅਧਿਆਪਕਾਂ ਨੂੰ CAS ਅਧੀਨ ਤਰੱਕੀ ਲਈ ਲੋੜੀਂਦੇ ਪ੍ਰੋਗਰਾਮ ਲਗਾਉਣ ਹਿਤ ਛੁੱਟੀ ਦੇਣਾ ਸੁਨਿਸ਼ਚਿਤ ਕਰਨ ਸੰਬੰਧੀ:**

ਐੱਮ.ਐੱਮ.ਟੀ.ਟੀ.ਸੀ. ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਵਿਚ ਜਿੱਥੇ ਦੂਜੇ ਰਾਜਾਂ ਤੋਂ ਵੱਡੀ ਗਿਣਤੀ ਵਿਚ ਅਧਿਆਪਕ ਹਿੱਸਾ ਲੈਂਦੇ ਹਨ, ਉੱਥੇ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਵੱਲੋਂ ਸ਼ਾਮਿਲ ਹੋਣ ਵਾਲੇ ਅਧਿਆਪਕਾਂ ਦੀ ਗਿਣਤੀ ਅਕਸਰ ਕਾਫੀ ਘੱਟ ਹੁੰਦੀ ਹੈ, ਜਿਸ ਕਾਰਨ ਸੈਂਟਰ ਵਲੋਂ ਸੈਮੀਨਾਰ, ਲੈਕਚਰ, ਵਰਕਸ਼ਾਪ ਆਦਿ ਸਬੰਧੀ ਕੀਤੇ ਉਪਰਾਲਿਆਂ ਦਾ ਦੂਰ-ਦੁਰਾਡੇ ਇਲਾਕਿਆਂ ਤੋਂ ਭਾਗ ਲੈਣ ਵਾਲੇ ਅਧਿਆਪਕ ਸਾਹਿਬਾਨ ਤਾਂ ਭਰਪੂਰ ਫਾਇਦਾ ਉਠਾ ਲੈਂਦੇ ਹਨ, ਪਰੰਤੂ ਯੂਨੀਵਰਸਿਟੀ ਨਾਲ ਸੰਬੰਧਤ ਅਧਿਕਤਰ ਕਾਲਜਾਂ ਦੇ ਫੈਕਲਟੀ ਮੈਂਬਰਜ਼ ਅਕਸਰ ਇਸ ਬਹੁਮੁੱਲੇ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ। ਇਹਨਾਂ ਉਪਰਾਲਿਆਂ ਦਾ ਲਾਭ ਆਪਣੇ ਖੇਤਰ ਤੱਕ ਪਹੁੰਚਾਉਣ ਲਈ ਜ਼ਰੂਰੀ ਹੈ ਕਿ ਕਾਲਜ ਆਪਣੇ ਅਧਿਆਪਕਾਂ ਨੂੰ ਪ੍ਰੋਗਰਾਮ ਲਗਾਉਣ ਹਿਤ ਛੁੱਟੀ ਦੇਣਾ ਸੁਨਿਸ਼ਚਿਤ ਕਰਨ।

**4. ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਵਿਭਾਗ ਦੇ ਸਹਿਯੋਗ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਉਣ ਸੰਬੰਧੀ:**

ਕੋਆਰਡੀਨੇਟਰ, ਐਨ.ਐਸ.ਐਸ. ਦੇ ਵਿਭਾਗ ਵਲੋਂ ਕਾਲਜਾਂ ਦੇ ਸਮੂਹ ਵਿਦਿਆਰਥੀਆਂ ਲਈ ਸੱਤ ਰੋਜ਼ਾ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ, ਅਤੇ ਇਸ ਮੰਤਵ ਲਈ ਕਾਲਜਾਂ ਨੂੰ ਗ੍ਰਾਂਟ ਵੀ ਦਿੱਤੀ ਜਾਂਦੀ ਹੈ। ਪਰੰਤੂ ਕੁੱਝ ਕਾਲਜਾਂ ਵੱਲੋਂ ਕਈ ਵਾਰ ਇਸ ਗ੍ਰਾਂਟ ਦਾ ਯੂਟੀਲਾਈਜ਼ੇਸ਼ਨ ਸਰਟੀਫਿਕੇਟ (UC) ਸਮੇਂ ਸਿਰ ਜਮ੍ਹਾਂ ਨਹੀਂ ਕਰਵਾਇਆ ਜਾਂਦਾ, ਜਿਸ ਕਾਰਨ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਬਹੁਤ ਵਾਰ ਕਾਲਜਾਂ ਵਲੋਂ ਵਿਦਿਆਰਥੀਆਂ ਦੀ ਐਨਰੋਲਮੈਂਟ ਸੂਚੀ ਸਮੇਂ ਸਿਰ ਨਹੀਂ ਭੇਜੀ ਜਾਂਦੀ, ਜਿਸ ਨਾਲ ਕੈਂਪ ਲਗਾਉਣ ਵਾਲੇ ਕਈ ਵਿਦਿਆਰਥੀਆਂ ਦਾ ਐਨਰੋਲਮੈਂਟ ਵਿਚ ਨਾਮ ਨਾ ਹੋਣ ਕਾਰਨ ਸਰਟੀਫਿਕੇਟ ਦੇ ਰੂਪ ਵਿਚ ਦਿੱਤੇ ਜਾਣ ਵਾਲਾ ਲਾਭ ਪ੍ਰਾਪਤ ਨਹੀਂ ਹੁੰਦਾ। ਇਸ ਤੋਂ ਇਲਾਵਾ ਐਡਵੈਂਚਰ ਕੈਂਪ ਲਗਾਉਣ ਲਈ ਭਾਰਤ ਸਰਕਾਰ/ਪੰਜਾਬ ਸਰਕਾਰ ਵਲੋਂ ਵੱਖ ਵੱਖ ਯੂਨੀਵਰਸਿਟੀਆਂ ਦੇ ਕੁੱਝ ਕੁ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਲਈ ਆਦੇਸ਼ ਮਿਲਦੇ ਹਨ, ਪਰੰਤੂ ਮੌਕੇ ਤੇ ਜਿਨ੍ਹਾਂ ਵਿਦਿਆਰਥੀਆਂ ਨੂੰ ਚੁਣਿਆ ਜਾਂਦਾ ਹੈ, ਉਹ ਵਿਦਿਆਰਥੀ ਅਕਸਰ ਜਾਣ ਤੋਂ ਇਨਕਾਰ ਕਰ ਦਿੰਦੇ ਹਨ, ਜਿਸ ਨਾਲ ਐਡਵੈਂਚਰ ਕੈਂਪ ਵਰਗੇ ਖਾਸ ਮੌਕਿਆਂ ਤੋਂ ਸਾਡੇ ਵਿਦਿਆਰਥੀ ਵਾਂਝੇ ਰਹਿ ਜਾਂਦੇ ਹਨ।

ਉਪਰੋਕਤ ਦੀ ਲੋਅ ਵਿਚ ਚੇਅਰਪਰਸਨਜ਼/ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਵਿਦਿਆਰਥੀਆਂ ਦੀ ਐਨਰੋਲਮੈਂਟ ਸੂਚੀ ਅਤੇ ਗ੍ਰਾਂਟ ਦਾ ਯੂਟੀਲਾਈਜ਼ੇਸ਼ਨ ਸਰਟੀਫਿਕੇਟ (UC) ਅਤੇ ਸਮੇਂ ਸਿਰ ਭੇਜੇ ਜਾਣ ਅਤੇ ਐਡਵੈਂਚਰ ਕੈਂਪਾਂ ਲਈ ਭੇਜੇ ਜਾਣ ਵਾਲੇ ਵਿਦਿਆਰਥੀਆਂ ਦੀ

P.T.O.

ਸ਼ਮੂਲੀਅਤ ਸੁਨਿਸ਼ਚਿਤ ਕੀਤੀ ਜਾਵੇ ਜੀ। ਇਸ ਤੋਂ ਇਲਾਵਾ, ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਤੇ ਖ਼ੂਨਦਾਨ ਕੈਂਪਾਂ ਦਾ ਆਯੋਜਨ ਕਰਨ ਦਾ ਸੁਝਾਅ ਹੈ, ਤਾਂ ਜੋ ਵਿਦਿਆਰਥੀ ਇਸ ਨੇਕ ਕਾਰਜ ਦਾ ਹਿੱਸਾ ਬਣ ਸਕਣ।

**5. ਪੰਜਾਬੀ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਦੇ ਸਹਿਯੋਗ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਉਣ ਸੰਬੰਧੀ:**

ਡਾਇਰੈਕਟਰ, ਯੂਥ ਵੈਲਫੇਅਰ ਵਿਭਾਗ ਵੱਲੋਂ ਇੰਟਰ-ਜ਼ੋਨਲ ਮੁਕਾਬਲਿਆਂ ਦੌਰਾਨ ਕਾਲਜਾਂ ਵਲੋਂ ਭਰਪੂਰ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਕਾਲਜਾਂ ਦੇ ਚੇਅਰਪਰਸਨਜ਼/ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਵਿਦਿਆਰਥੀਆਂ ਦੀ ਭਲਾਈ ਅਤੇ ਸਿਖਲਾਈ ਲਈ ਉਹਨਾਂ ਨੂੰ ਯੁਵਕ ਮੇਲਿਆਂ (ਯੂਥ ਫੈਸਟੀਵਲ ਪ੍ਰੋਗਰਾਮਾਂ) ਵਿਚ ਭਾਗ ਲੈਣ ਲਈ ਪ੍ਰੋਤਸਾਹਿਤ ਕੀਤਾ ਜਾਵੇ।

**6. ਵਿਦਿਆਰਥੀਆਂ, ਖਾਸ ਕਰਕੇ ਪ੍ਰੋਫੈਸ਼ਨਲ ਕੋਰਸਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਡਿਵੈਲਪਮੈਂਟ ਅਤੇ ਉਹਨਾਂ ਲਈ ਰੁਜ਼ਗਾਰ ਦੇ ਅਵਸਰ ਤਲਾਸ਼ ਕਰਨ ਹਿਤ ਕਮੇਟੀਆਂ ਦਾ ਗਠਨ ਕਰਨ ਸੰਬੰਧੀ:**

ਕਾਲਜਾਂ ਵਿਖੇ ਪੜ੍ਹ ਰਹੇ ਵਿਦਿਆਰਥੀ, ਖਾਸ ਕਰਕੇ ਪ੍ਰੋਫਸ਼ੈਨਲ ਕੋਰਸਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਡਿਵੈਲਪਮੈਂਟ ਅਤੇ ਉਨ੍ਹਾਂ ਲਈ ਰੋਜ਼ਗਾਰ ਦੇ ਅਵਸਰ ਜੁਟਾਉਣ ਦੇ ਮੰਤਵ ਨਾਲ ਕਾਲਜ ਆਪਣੇ ਪੱਧਰ ਤੇ ਕਮੇਟੀਆਂ ਦਾ ਗਠਨ ਕਰਨ ਅਤੇ ਉਹਨਾਂ ਵਿੱਚੋਂ ਕਿਸੇ ਇੱਕ ਅਧਿਆਪਕ ਨੂੰ ਯੂਨੀਵਰਸਿਟੀ ਪਲੇਸਮੈਂਟ ਸੈੱਲ ਨਾਲ ਰਾਬਤਾ ਕਾਇਮ ਕਰਨ ਲਈ Single Point of Contact (SPoC) ਵਜੋਂ ਨਿਯੁਕਤ ਕਰਨ, ਜੋ ਕਿ ਕਾਲਜ ਦੇ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਵਿਚਕਾਰ ਇਕ ਪੁਲ ਵਜੋਂ ਕੰਮ ਕਰਨ।

**7. ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮਨੋਵਿਗਿਆਨਕ ਚੁਣੌਤੀਆਂ ਨਾਲ ਨਜਿੱਠਣ ਹਿਤ ਤਿਆਰੀ ਕਰਨ ਸੰਬੰਧੀ:**

ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮਨੋਵਿਗਿਆਨਿਕ ਚੁਣੌਤੀਆਂ ਨਾਲ ਨਜਿੱਠਣ ਹਿਤ ਮਾਨਯੋਗ ਸਰਵ-ਉੱਚ ਅਦਾਲਤ (ਸੁਪਰੀਮ ਕੋਰਟ) ਵੱਲੋਂ Petition(s) for Special Leave to Appeal (Crl.) No(s). 6378/2024 ਸੰਬੰਧੀ ਮਿਤੀ 25-07-2025 ਨੂੰ ਕੀਤੇ ਗਏ ਫੈਸਲੇ ਤਹਿਤ ਵਿੱਦਿਅਕ ਸੰਸਥਾਨਾਂ ਨੂੰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਘੱਟੋ-ਘੱਟ ਸੌ ਵਿਦਿਆਰਥੀਆਂ ਵਾਲੇ ਕਿਸੇ ਵੀ ਵਿਦਿਅਕ ਸੰਸਥਾਨ ਨੂੰ ਸਲਾਹਕਾਰ ਨਿਯੁਕਤ ਕਰਨੇ ਹਨ ਅਤੇ ਵਿਦਿਆਰਥੀ ਅਤੇ ਸਲਾਹਕਾਰ ਦਾ ਅਨੁਪਾਤ ਢੁਕਵਾਂ ਹੋਣਾ ਚਾਹੀਦਾ ਹੈ। ਸੌ ਤੋਂ ਘੱਟ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਵਾਲੇ ਵਿਦਿਅਕ ਸੰਸਥਾਨਾਂ ਵੱਲੋਂ ਬਾਹਰੀ ਸਹੂਲਤਾਂ ਨਾਲ ਸਬੰਧ ਬਣਾਏ ਜਾਣੇ ਹਨ।

ਇਸ ਸੰਬੰਧ ਵਿਚ ਯੋਗ ਹੋਵੇਗਾ ਕਿ ਕਾਲਜਾਂ ਵਿਖੇ ਕੋਈ ਵੀ ਜ਼ਹਿਰੀਲਾ ਜਾਂ ਖਤਰਨਾਕ ਪਦਾਰਥ ਵਿਦਿਆਰਥੀਆਂ ਦੀ ਪਹੁੰਚ ਤੋਂ ਦੂਰ ਹੋਵੇ ਅਤੇ ਬਾਲਕੋਨੀ ਅਤੇ ਛੱਤ ਵਰਗੀਆਂ ਥਾਵਾਂ ਤੇ ਨਿਗਰਾਨੀ ਰੱਖੀ ਜਾਵੇ। ਇਸ ਤੋਂ ਇਲਾਵਾ ਸਾਲ ਵਿੱਚ ਘੱਟੋ-ਘੱਟ ਦੋ ਵਾਰ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਲਈ ਮਾਨਸਿਕ ਸਿਹਤ ਅਤੇ ਮਨੋਵਿਗਿਆਨਕ ਮਦਦ ਬਾਰੇ ਸਿਖਲਾਈ ਪ੍ਰੋਗਰਾਮ ਚਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਮਾਨਸਿਕ ਸਥਿਤੀ ਵਿਚ ਗ੍ਰਸਥ ਵਿਦਿਆਰਥੀਆਂ ਨੂੰ ਉਸ ਤੋਂ ਬਾਹਰ ਕੱਢਣ ਲਈ ਜੋ ਵੀ ਸੰਭਵ ਹੋਵੇ, ਉਹ ਸਹਾਇਤਾ ਦੇਣ ਲਈ ਯੂਨੀਵਰਸਿਟੀ ਦਾ ਮਨੋਵਿਗਿਆਨਿਕ ਵਿਭਾਗ ਤੋਂ ਮਦਦ ਲਈ ਜਾ ਸਕਦੀ ਹੈ।

**8. ਉੱਤਰ-ਕਾਪੀਆਂ ਦੇ ਮੁੱਲਾਂਕਣ ਅਤੇ ਪ੍ਰੀਖਿਆਵਾਂ ਦੇ ਨਤੀਜੇ ਘੋਸ਼ਿਤ ਕਰਨ ਦੇ ਕਾਰਜ ਵਿਚ ਫੁਰਤੀ ਲਿਆਉਣ ਸੰਬੰਧੀ:**

ਕੰਟਰੋਲਰ (ਪ੍ਰੀਖਿਆਵਾਂ) ਵੱਲੋਂ ਸਾਲ 2025 ਦੌਰਾਨ ਉੱਤਰ ਕਾਪੀਆਂ ਦੇ ਮੁਲਾਂਕਣ ਬਾਬਤ ਅਧਿਆਪਕਾਂ ਨੂੰ ਦਿੱਤੇ ਜਾਣ ਵਾਲੇ ਮਿਹਨਤਾਨੇ ਦੀ ਅਦਾਇਗੀ ਲਗਭਗ ਮੁਕੰਮਲ ਕੀਤੀ ਜਾ ਚੁੱਕੀ ਹੈ। ਇਹ ਦੱਸਣਾ ਯੋਗ ਹੋਵੇਗਾ ਕਿ ਇੱਕ ਸਾਲ ਦੌਰਾਨ ਲਗਭਗ 35 ਲੱਖ ਉੱਤਰ-ਕਾਪੀਆਂ ਦਾ ਮੁਲਾਂਕਣ ਕਰਵਾਇਆ ਜਾਣਾ ਹੁੰਦਾ ਹੈ। ਕੁੱਝ ਅਧਿਆਪਕਾਂ ਵਲੋਂ ਕਾਪੀਆਂ ਦੇ ਮੁਲਾਂਕਣ ਉਪਰੰਤ ਭੇਜੇ ਗਏ ਨਤੀਜੇ ਵੇਖਣ ਤੇ ਇਹ ਗੱਲ ਸਾਹਮਣੇ ਆਈ ਹੈ ਕਿ ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ ਸੁਚੱਜੇ ਢੰਗ ਨਾਲ ਚੈੱਕ ਨਹੀਂ ਕੀਤੀਆਂ ਜਾਂਦੀਆਂ ਅਤੇ ਦਿੱਤੇ ਗਏ ਅੰਕ ਭੇਜੀ ਗਈ ਸੂਚੀ ਨਾਲ ਮੇਲ ਨਹੀਂ ਖਾਂਦੇ। 35 ਲੱਖ ਉਤੱਰ-ਕਾਪੀਆਂ ਵਿਚੋਂ ਅਜਿਹੀਆਂ ਤੁਰੱਟੀਆਂ ਨੂੰ ਕੱਢਣ ਉਪਰੰਤ ਠੀਕ ਕਰਵਾਉਣ ਨਾਲ ਬੇਲੋੜੀ ਦੇਰੀ ਹੋ ਜਾਂਦੀ ਹੈ।

ਉਕਤ ਦੀ ਲੋਅ ਵਿਚ ਚੇਅਰਪਰਸਨਜ਼/ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਕਾਲਜ ਵਿਖੇ ਕਾਰਜਸ਼ੀਲ ਅਧਿਆਪਕਾਂ ਨੂੰ ਉੱਤਰ ਕਾਪੀਆਂ ਦਾ ਮੁੱਲਾਂਕਣ ਸੁਚੱਜੇ ਢੰਗ ਨਾਲ ਕਰਨ ਦੀ ਹਦਾਇਤ ਦੇਣ ਅਤੇ ਮੁੱਲਾਂਕਣ ਸਬੰਧੀ ਕੰਮ ਨੂੰ ਪਹਿਲ ਦੇ ਆਧਾਰ ਤੇ ਕਰਵਾਉਣ, ਤਾਂ ਜੋ ਵਿਦਿਆਰਥੀਆਂ ਦੇ ਨਤੀਜੇ ਸਮੇਂ ਸਿਰ ਘੋਸ਼ਿਤ ਕੀਤੇ ਜਾ ਸਕਣ। ਇਸ ਮੰਤਵ ਲਈ ਕਾਲਜ ਆਪਣੇ ਪੱਧਰ ਤੇ ਕਿਸੇ ਜ਼ੁੰਮੇਵਾਰ ਅਧਿਆਪਕ ਨੂੰ ਉੱਤਰ ਕਾਪੀਆਂ ਦੇ ਮੁਲਾਂਕਣ ਦੇ ਕਾਰਜ ਦੀ ਦੇਖ-ਰੇਖ ਹਿਤ ਨਿਯੁਕਤ ਕਰ ਲੈਣ ਅਤੇ ਉਸ ਸੰਬੰਧੀ ਜਾਣਕਾਰੀ ਕੰਟਰੋਲਰ (ਪ੍ਰੀਖਿਆਵਾਂ) ਨੂੰ ਭੇਜ ਦੇਣ, ਤਾਂ ਜੋ ਕੰਟਰੋਲਰ (ਪ੍ਰੀਖਿਆਵਾਂ) ਅਤੇ ਕਾਲਜ ਦਰਮਿਆਨ ਸਿੱਧਾ ਸੰਪਰਕ ਸਥਾਪਿਤ ਹੋ ਸਕੇ।

ਧੰਨਵਾਦ ਸਹਿਤ,

13/01/2026.

ਡੀਨ, ਕਾਲਜ ਵਿਕਾਸ ਕੌਂਸਲ